# ਵਰਲਡ ਪੰਜਾਬੀ ਟਾਈਮਜ਼

WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162, +1 (431) 458-6922

ਮੁੱਖ ਸੰਪਾਦਕ : ਡਾ. ਸੁਰਜੀਤ ਸਿੰਘ ਸਹਿ ਸੰਪਾਦਕ: ਨਵਜੋਤ ਬਿਲਿੰਗ ਬਿਊਰੋ ਚੀਫ ਕੈਨੇਡਾ : ਅਮਰਜੀਤ ਸਿੰਘ ਬਾਵਾ ਬਿਊਰੋ ਚੀਫ ਭਾਰਤ : ਗਗਨਦੀਪ ਗਿੱਲ

Epaper World Punjabi Times 17 ਫਰਵਰੀ 2026 ਦਿਨ ਮੰਗਲਵਾਰ ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਸਕੂਲੀ ਵਿਦਿਆਰਥੀਆਂ ਨੇ ਗੁਰਦੁਆਰਾ ਸਾਹਿਬ ਨਤਮਸਤਕ ਹੋ ਕੇ ਸਿੱਖ ਮਰਯਾਦਾ ਨੂੰ ਸਮਝਿਆ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ



ਸਰੀ, 17 ਫਰਵਰੀ :ਪੈਸੀ ਫਿਕ ਅਕੈਡਮੀ ਸਕੂਲ ਸਰੀ ਦੇ ਗਿਆਰ੍ਹਵੀਂ ਜਮਾਤ ਦੇ ਵਿਦਿਆਰਥੀ ਆਪਣੇ ਅਧਿਆਪਕ ਕ੍ਰਿਸ ਵੈਨਡਜ਼ੂਰਾ ਦੀ ਅਗਵਾਈ ਹੇਠ ਗੁਰਦੁਆਰਾ ਸਾਹਿਬ ਬਰੁੱਕਸਾਈਡ ਵਿਖੇ ਨਤਮਸਤਕ ਹੋਣ ਅਤੇ ਸਿੱਖ ਧਰਮ ਬਾਰੇ ਜਾਣਕਾਰੀ ਲੈਣ ਪਹੁੰਚੇ। ਇਹਨਾਂ ਵਿਦਿਆਰਥੀਆਂ ਦਾ ਕੈਨੇਡੀਅਨ ਰਾਮਗੜ੍ਹੀਆ ਸੁਸਾਇਟੀ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ।

ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਵੱਲੋਂ ਵਿਦਿਆਰਥੀਆਂ ਨੂੰ ਗੁਰੂ ਘਰ ਦੀ ਮਰਯਾਦਾ ਅਤੇ ਮੁੱਢਲੀ ਜਾਣਕਾਰੀ ਦਿੱਤੀ ਗਈ। ਵਿਦਿਆਰਥੀਆਂ ਨੇ ਬਹੁਤ ਉਤਸ਼ਾਹ ਨਾਲ ਸਿੱਖ ਧਰਮ, ਗੁਰਬਾਣੀ ਅਤੇ ਗੁਰਦੁਆਰਾ ਸਾਹਿਬ ਦੀ ਰੂਪ-ਰੇਖਾ ਬਾਰੇ ਸਵਾਲ ਪੁੱਛੇ। ਤਕਰੀਬਨ ਇੱਕ ਘੰਟਾ ਚੱਲੀ ਇਸ ਵਿਚਾਰ-ਚਰਚਾ ਦੌਰਾਨ ਵਿਦਿਆਰਥੀਆਂ ਨੇ ਸਿੱਖ ਸੱਭਿਆਚਾਰ ਨੂੰ ਨੇੜਿਓਂ ਸਮਝਿਆ।

ਦਰਬਾਰ ਹਾਲ ਵਿੱਚ ਗੁਰਬਾਣੀ ਕੀਰਤਨ ਦੀ ਸਮਾਪਤੀ ਸਮੇਂ ਨਤਮਸਤਕ ਹੁੰਦੀਆਂ ਸੰਗਤਾਂ ਅਤੇ ਸ਼ਰਧਾ ਦੇਖ ਕੇ ਵਿਦਿਆਰਥੀ ਕਾਫੀ ਪ੍ਰਭਾਵਿਤ ਹੋਏ। ਇਸ ਦੌਰਾਨ ਤੀਜੀ ਮੰਜ਼ਿਲ ‘ਤੇ ਚੱਲ ਰਹੇ ਸਹਿਜ ਪਾਠ ਦੀ ਆਰੰਭਤਾ ਬਾਰੇ ਵੀ ਉਨ੍ਹਾਂ ਨੂੰ ਜਾਣਕਾਰੀ ਮਿਲੀ। ਕਈ ਵਿਦਿਆਰਥੀ ਅਜਿਹੇ ਸਨ ਜੋ ਪਹਿਲੀ ਵਾਰ ਕਿਸੇ ਗੁਰਦੁਆਰਾ ਸਾਹਿਬ ਵਿੱਚ ਆਏ ਸਨ।

ਦਰਸ਼ਨਾਂ ਤੋਂ ਬਾਅਦ ਸਾਰੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਲੰਗਰ ਹਾਲ ਵਿੱਚ ਬੈਠ ਕੇ ਪ੍ਰੇਮ ਨਾਲ ਲੰਗਰ ਛਕਿਆ। ਅਧਿਆਪਕ ਕ੍ਰਿਸ ਵੈਨਡਜ਼ੂਰਾ, ਜੋ ਅਕਸਰ ਵਿਦਿਆਰਥੀਆਂ ਨੂੰ ਇੱਥੇ ਲੈ ਕੇ ਆਉਂਦੇ ਹਨ, ਨੇ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਅਤੇ ਸੇਵਾਦਾਰਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਅੰਤ ਵਿੱਚ ਵਿਦਿਆਰਥੀ ਇੱਕ ਸੁਖਦ ਅਨੁਭਵ ਲੈ ਕੇ ਵਾਪਸ ਆਪਣੇ ਸਕੂਲ ਲਈ ਰਵਾਨਾ ਹੋਏ।

## ਬਠਿੰਡਾ ਪੁਲਿਸ ਨੇ ਇੱਕ ਵਿਅਕਤੀ ਨੂੰ 01 ਕਿੱਲੋ 507 ਗਰਾਮ ਹੈਰੋਇਨ/ਚਿੱਟਾ ਸਮੇਤ ਦਬੋਚਿਆ ।

### ਮੁਕੱਦਮਾ ਨੰਬਰ 47 ਮਿਤੀ 16-07-2026 ਅ/ਧ 21 ਸੀ /61/85 ਐਨ ਡੀ ਪੀ ਐਸ ਐਕਟ ਥਾਣਾ ਸਿਵਲ ਲਾਈਨ ਬਠਿੰਡਾ ਵਿਖੇ ਕੀਤਾ ਦਰਜ਼

ਵਰਲਡ ਪੰਜਾਬੀ ਟਾਈਮਜ਼ ਗੁਰਪ੍ਰੀਤ ਚਹਿਲ



ਬਠਿੰਡਾ,17 ਫ਼ਰਵ ਰੀ : ਸ਼੍ਰੀ ਗੌਰਵ ਯਾਦਵ ਆਈ.ਪੀ.ਐੱਸ ਮਾਨਯੋਗ ਡੀ.ਜੀ.ਪੀ, ਪੰਜਾਬ ਜੀ ਦੇ ਦਿਸ਼ਾ ਨਿਰਦੇਸ਼ਾਂ ਹੇਠ ਸ਼੍ਰੀ ਹਰਜੀਤ ਸਿੰਘ ਆਈ.ਪੀ.ਐੱਸ. ਡੀ.ਆਈ.ਜੀ ਬਠਿੰਡਾ ਰੇਂਜ ਬਠਿੰਡਾ ਜੀ ਦੇ ਮਾਰਗ ਦਰਸ਼ਨ ਅਨੁਸਾਰ ਬਠਿੰਡਾ ਪੁਲਿਸ ਵੱਲੋਂ “ਯੁੱਧ ਨਸ਼ਿਆਂ ਵਿਰੁੱਧ” ਚਲਾਈ ਗਈ ਮੁਹਿੰਮ ਤਹਿਤ ਲਗਾਤਰ ਨਸ਼ਿਆਂ ਖਿਲਾਫ ਕਾਰਵਾਈਆਂ ਕੀਤੀਆਂ ਜਾ ਰਹੀਆਂ ਹਨ, ਇਸੇ ਲੜੀ ਤਹਿਤ ਡਾ. ਜਯੋਤੀ ਯਾਦਵ, ਆਈ.ਪੀ.ਐੱਸ, ਸੀਨੀਅਰ ਕਪਤਾਨ ਪੁਲਿਸ ਬਠਿੰਡਾ ਦੀ ਰਹਿਨੁਮਾਈ ਹੇਠ ਸ੍ਰ.ਨਰਿੰਦਰ ਸਿੰਘ ਪੀ.ਪੀ.ਐੱਸ, ਐੱਸ.ਪੀ (ਸਿਟੀ) ਬਠਿੰਡਾ ਅਤੇ ਸ੍ਰ. ਸਰਵਜੀਤ ਸਿੰਘ, ਪੀ.ਪੀ.ਐੱਸ ਡੀ.ਐੱਸ.ਪੀ (ਸਿਟੀ-2) ਬਠਿੰਡਾ ਦੀ ਅਗਵਾਈ ਵਿੱਚ ਮਿਤੀ 15.02.2026 ਨੂੰ ਉਕਤ ਮੁੱਕਦਮਾ ਦਰਜ ਰਜਿਸਟਰ ਕੀਤਾ ਗਿਆ ਸੀ, ਜਿਸ ਸਬੰਧੀ ਥਾਣਾ ਸਿਵਲ ਲਾਈਨ ਬਠਿੰਡਾ ਦੀ ਪੁਲਿਸ ਪਾਰਟੀ ਨੇ ਮੁਕੱਦਮਾ ਉਕਤ ਵਿੱਚ ਇੱਕ ਵਿਅਕਤੀ ਨੂੰ ਗ੍ਰਿਫਤਾਰ ਕਰਕੇ ਉਸਦੇ ਕਬਜੇ ਵਿੱਚੋਂ 1 ਕਿੱਲੋ 507 ਗਰਾਮ ਹੈਰੋਇਨ ਬਰਾਮਦ ਕਰਕੇ ਵੱਡੀ ਸਫਲਤਾ ਹਾਸਲ ਕੀਤੀ।

ਡਾਸਹ 15.02.2026 ਨੂੰ ਥਾਣਾ ਸਿਵਲ ਲਾਈਨ ਬਠਿੰਡਾ ਦੀ ਪੁਲਿਸ ਪਾਰਟੀ ਗਸ਼ਤ ਅਤੇ ਸ਼ੱਕੀ ਪੁਰਸ਼ਾਂ ਦੀ ਚੈਕਿੰਗ ਸਬੰਧੀ ਭੱਟੀ ਰੋਡ ਨੇੜੇ ਬਰਨਾਲਾ ਬਾਈਪਾਸ ਸਲਿੱਪ ਰੋਡ ਮੌਜੂਦ ਸੀ ਤਾਂ ਇੱਕ ਨੌਜਵਾਨ ਰਾਜਾ ਪੁੱਤਰ ਇੰਦਰਜੀਤ ਵਾਸੀ ਹਰਦੇਵ ਨਗਰ ਬਠਿੰਡਾ (ਉਮਰ ਕਰੀਬ 27 ਸਾਲ) ਨੂੰ ਸ਼ੱਕ ਦੀ ਬਿਨਾਹ ਪਰ ਕਾਬੂ ਕੀਤਾ ਗਿਆ, ਜਿਸ ਪਾਸ ਨਸ਼ੀਲੇ ਪਦਾਰਥ ਹੋਣ ਦਾ ਸ਼ੱਕ ਸੀ।ਜਿਸ ਨੂੰ ਕਾਬੂ ਕਰਕੇ ਉਸ ਪਾਸੋਂ 01 ਕਿੱਲੋ 507 ਗ੍ਰਾਮ ਹੈਰੋਇਨ/ਚਿੱਟਾ ਬ੍ਰਾਮਦ ਕਰਕੇ ਮੁਕੱਦਮਾ ਉਕਤ ਦਰਜ਼ ਕੀਤਾ ਗਿਆ ।ਉਕਤ ਵਿਅਕਤੀ ਨੇ ਪੁੱਛਗਿੱਛ ਦੌਰਾਨ ਦੱਸਿਆ ਕਿ ਉਹ ਬਿਹਾਰ ਦਾ ਜੰਮਪਲ ਹੈ ਪਰ ਹੁਣ ਕਰੀਬ 10/15 ਸਾਲ ਤੋਂ ਬਠਿੰਡਾ ਵਿਖੇ ਰਹਿ ਰਿਹਾ ਹੈ ਜਿਸ ਨੇ ਹਰਦੇਵ ਨਗਰ ਬਠਿੰਡਾ ਵਿੱਚ ਆਪਣਾ ਘਰ ਬਣਾ ਲਿਆ ਹੈ ।ਇਸ ਖਿਲਾਫ ਪਹਿਲਾਂ ਕੋਈ ਮੁਕੱਦਮਾ ਦਰਜ਼ ਨਹੀਂ ਹੈ।ਇਸ ਦੇ ਬੈਕਵਾਰਡ ਤੇ ਫਾਰਵਰਡ ਲਿੰਕਾਂ ਬਾਰੇ ਪਤਾ ਕੀਤਾ ਜਾ ਰਿਹਾ ਹੈ, ਇਹ ਹੈਰੋਇਨ ਕਿੱਥੋ ਲੈ ਕੇ ਆਇਆ ਸੀ ਅੱਗੇ ਕਿੱਥੇ ਸਪਲਾਈ ਕਰਨੀ ਸੀ।ਗ੍ਰਿਫਤਾਰ ਵਿਅਕਤੀ ਨੂੰ ਅੱਜ ਮਾਨਯੋਗ ਅਦਾਲਤ ਵਿੱਚ ਪੇਸ਼ ਕਰਕੇ ਪੁਲਿਸ ਰਿਮਾਡ ਹਾਸਲ ਕਰਕੇ ਹੋਰ ਡੂੰਘਾਈ ਨਾਲ ਪੁੱਛਗਿੱਛ ਕੀਤੀ ਜਾਵੇਗੀ।

ਬਰਾਮਦਗੀ:-

2. ਇੱਕ ਕਿੱਲੋ 507 ਗ੍ਰਾਮ ਹੈਰੋਇਨ

ਗਿਰਫਤਾਰ ਵਿਅਕਤੀਆਂ ਦਾ ਵੇਰਵਾ:-

ਇਸ ਤੋਂ ਇਲਾਵਾ ਪੰਜਾਬ ਸਰਕਾਰ ਵੱਲੋਂ ਜਾਰੀ ਮੁਹਿੰਮ ਗੈਂਗਸਟਰਾਂ ਤੇ ਵਾਰ ਤਹਿਤ ਮਿਤੀ 20.01.2026 ਤੋਂ ਮਿਤੀ 15.02.26 ਤੱਕ ਓਪਰੇਸ਼ਨ ਪਰਹਾਰ 1.0 ਅਤੇ 2.0 ਰਾਹੀਂ ਕੁੱਲ 1054 ਵਿਅਕਤੀਆਂ ਨੂੰ ਕਾਬੂ ਕਰਕੇ ਉਹਨਾਂ ਦੇ ਕਬਜਾ ਵਿੱਚੋਂ 02 ਕਿਲੋ 608 ਗ੍ਰਾਮ ਹੈਰੋਇਨ(ਚਿੱਟਾ), 8 ਕਿਲੋ ਅਫੀਮ, 6998 ਨਸ਼ੀਲ੍ਹੀਆਂ ਗੋਲੀਆਂ ਅਤੇ ਕੈਪਸੂਲ, 04 ਪਿਸਟਲ 32 ਬੋਰ ਸਮੇਤ ਦਸ ਜਿੰਦਾ ਕਾਰਤੂਸ, 17 ਮੋਬਾਇਲ ਫੋਨ(ਚੋਰੀ ਸ਼ੁਦਾ), 435 ਲੀਟਰ ਲਾਹਣ, 42 ਦੋ ਪਹੀਏ ਵਾਹਨ, ਇੱਕ ਤਿੰਨ ਪਹੀਆਂ ਵਾਹਨ, ਇੱਕ ਚਾਰ ਪਹੀਆ ਵਾਹਨ, ਕੁੱਲ 1,54,000/- ਡਰੱਗ ਮਨੀ ਬਰਾਮਦ ਕਰਵਾ ਕੇ ਜਿਲ੍ਹਾ ਬਠਿੰਡਾ ਦੇ ਵੱਖ- ਵੱਖ ਥਾਣਿਆਂ ਵਿੱਚ ਮੁਕੱਦਮੇ ਦਰਜ਼ ਕੀਤੇ ਗਏ।

ਇਸ ਮੁਹਿੰਮ ਤਹਿਤ ਨਸ਼ਾ ਤਸਕਰਾਂ ਦੀਆਂ ਪ੍ਰਾਪਰਟੀਜ ਨੂੰ ਫਰੀਜ ਕਰਵਾਉਣ ਲਈ ਕੁੱਲ 03 ਕੇਸ ਜਿਹਨਾਂ ਵਿੱਚ ਪ੍ਰਾਪਰਟੀ ਦੀ ਕੀਮਤ 32,75,000/- ਹੈ ਪਾਸ ਹੋਣ ਲਈ ਭੇਜੇ ਗਏ ਅਤੇ ਕੁੱਲ 04 ਕੇਸ ਜਿਹਨਾਂ ਵਿੱਚ ਪ੍ਰਾਪਰਟੀ ਦੀ ਕੀਮਤ 81,84,500/- ਹੈ ਪਾਸ ਹੋ ਚੁੱਕੇ ਹਨ ਅਤੇ ਲਗਾਤਾਰ ਇਹਨਾਂ ਪ੍ਰਾਪਰਟੀਜ ਨੂੰ ਫਰੀਜ ਕਰਵਾਇਆ ਜਾ ਰਿਹਾ ਹੈ।

## ਵਿਦਿਆ ਦਾ ਧਨ

ਵਰਲਡ ਪੰਜਾਬੀ ਟਾਈਮਜ਼ ਮਹਿੰਦਰ ਸਿੰਘ ਮਾਨ

ਹੋਵੇ ਜਿਸ ਕੋਲ ਵਿਦਿਆ ਦਾ ਧਨ,
ਉਸ ਦਾ ਯਾਰੋ, ਕਦੇ ਨਾ ਭਟਕੇ ਮਨ।
ਵੰਡਦਾ ਜਾਵੇ ਉਹ ਇਸ ਨੂੰ ਜਿਵੇਂ, ਜਿਵੇਂ,
ਇਹ ਵਧਦਾ ਜਾਵੇ ਯਾਰੋ, ਤਿਵੇਂ, ਤਿਵੇਂ।

ਇਸ ਧਨ ਵਾਲਾ ਕਦੇ ਨਾ ਧੋਖਾ ਖਾਵੇ,
ਉਸ ਨੂੰ ਵੇਖ ਹਰ ਕੋਈ ਸੀਸ ਝੁਕਾਵੇ।
ਇਸ ਧਨ ਵਾਲਾ ਹਰ ਦੁੱਖ ਹੱਸ ਕੇ ਸਹੇ,
ਨਿਰਾਸ਼ਾ ਦੀ ਨਦੀ ‘ਚ ਉਹ ਕਦੇ ਨਾ ਵਹੇ।

ਇਸ ਧਨ ਵਾਲਾ ਕਦੇ ਨਾ ਭੁੱਖਾ ਮਰੇ,
ਉਹ ਸੁੱਕੇ ਬਾਗਾਂ ਨੂੰ ਵੀ ਹਰੇ ਕਰੇ।
ਇਸ ਧਨ ਵਾਲਾ ਸੱਚੇ ਦਾ ਮਿੱਤਰ,
ਉਹ ਝੂਠੇ ਨੂੰ ਝੱਟ ਛੱਡ ਹੋਵੇ ਤਿੱਤਰ।

ਇਸ ਧਨ ਵਾਲਾ ਕਦੇ ਨਾ ਹਿੰਮਤ ਹਾਰੇ,
ਉਹ ਆਪ ਤਰੇ, ਹੋਰਾਂ ਨੂੰ ਵੀ ਤਾਰੇ।
ਪਰ ਇਹ ਧਨ ‘ਮਾਨਾ’ ਮਿਲਦਾ ਉਸ ਨੂੰ,
ਇਸ ਨੂੰ ਪਾਣ ਦੀ ਲੱਗ ਜਾਵੇ ਚੇਟਕ ਜਿਸ ਨੂੰ।

## ਪੰਜਾਬੀ ਲੇਖਕ ਮੰਚ ਦੀ ਮੀਟਿੰਗ ਵਿੱਚ ਕਹਾਣੀਆਂ ਰਾਹੀਂ ਪ੍ਰਵਾਸੀ ਜੀਵਨ ਦੇ ਯਥਾਰਥ ‘ਤੇ ਗੰਭੀਰ ਚਰਚਾ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ

ਸਰੀ, 17 ਫਰਵਰੀ : ਪੰਜਾਬੀ ਲੇਖਕ ਮੰਚ ਦੀ ਵਿਸ਼ੇਸ਼ ਇਕੱਤਰਤਾ ਬੀਤੇ ਦਿਨੀਂ ਪ੍ਰੋਗ੍ਰੈਸਿਵ ਕਲਚਰਲ ਸੈਂਟਰ ਸਰੀ ਵਿਖੇ ਕੋਆਰਡੀਨੇਟਰ ਸੁਰਜੀਤ ਕਲਸੀ ਅਤੇ ਬਿੰਦੂ ਮਠਾੜੂ ਦੀ ਅਗਵਾਈ ਹੇਠ ਹੋਈ। ਮੀਟਿੰਗ ਦੇ ਆਰੰਭ ਵਿੱਚ ਸਮੂਹ ਮੈਂਬਰਾਂ ਵੱਲੋਂ ਵਿਛੜ ਚੁੱਕੇ ਸਾਹਿਤਕਾਰਾਂ ਸੁਰਿੰਦਰ ਕੌਰ ਬਰਾੜ ਅਤੇ ਮਿੰਦਰ ਦੀ ਯਾਦ ਵਿੱਚ ਦੋ ਮਿੰਟ ਦਾ ਮੋਨ ਧਾਰ ਕੇ ਉਨ੍ਹਾਂ ਨੂੰ ਨਿੱਘੀ ਸ਼ਰਧਾਂਜਲੀ ਭੇਟ ਕੀਤੀ ਗਈ।

ਵਿਸ਼ੇਸ਼ ਤੌਰ ‘ਤੇ ਕਹਾਣੀਆਂ ਲਈ ਰਾਖਵੀਂ ਰੱਖੀ ਗਈ ਇਸ ਮੀਟਿੰਗ ਵਿਚ ਸੱਤ ਲੇਖਕ ਕਹਾਣੀਆਂ ਲੈ ਕੇ ਆਏ ਸਨ ਪਰ ਸਮੇਂ ਦੀ ਸੀਮਾ ਅਨੁਸਾਰ ਤਿੰਨ ਪ੍ਰਮੁੱਖ ਕਹਾਣੀਆਂ ਪੜ੍ਹੀਆਂ ਗਈਆਂ। ਪਹਿਲੀ ਕਹਾਣੀ ਅਮਰਜੀਤ ਚਾਹਲ ਨੇ “ਬਾਹਰ ਗਏ ਲੋਕ” ਪੇਸ਼ ਕੀਤੀ। ਇਹ ਕਹਾਣੀ ਉਨ੍ਹਾਂ ਪੜ੍ਹੇ-ਲਿਖੇ ਮੱਧ-ਵਰਗੀ ਲੋਕਾਂ ਦੇ ਜੀਵਨ ‘ਤੇ ਚਾਨਣਾ ਪਾਉਂਦੀ ਹੈ ਜੋ ਰਿਟਾਇਰਮੈਂਟ ਤੋਂ ਬਾਅਦ ਵਿਦੇਸ਼ਾਂ ਵਿੱਚ ਆਪਣੇ ਬੱਚਿਆਂ ਕੋਲ ਆ ਕੇ ਸਾਹਿਤ ਜਾਂ ਪੱਤਰਕਾਰੀ ਨਾਲ ਜੁੜ ਜਾਂਦੇ ਹਨ ਪਰ ਸਮਾਜਿਕ ਕੁਰੀਤੀਆਂ ‘ਤੇ ਸਿੱਧੇ ਸਵਾਲਾਂ ਤੋਂ ਟਾਲਾ ਵਟਦੇ ਹਨ।



ਫਿਰ ਪ੍ਰਮਿੰਦਰ ਸਵੈਚ ਨੇ ਆਪਣੀ ਕਹਾਣੀ “ਤਿੜਕਿਆ ਖ਼ਾਬ” ਰਾਹੀਂ ਪੰਜਾਬੀ ਕੁੜੀਆਂ ਦੇ ਕੈਨੇਡਾ ਆਉਣ ਦੇ ਸੁਪਨਿਆਂ ਅਤੇ ਇੱਥੇ ਆ ਕੇ ਬੇਸਮੈਂਟਾਂ ਦੀ ਜ਼ਿੰਦਗੀ ਅਤੇ ਸਖ਼ਤ ਮਿਹਨਤ ਦੇ ਕੌੜੇ ਯਥਾਰਥ ਵਿਚਲੇ ਟਕਰਾਅ ਨੂੰ ਬਾਖੂਬੀ ਚਿਤਰਿਆ। ਡਾ. ਦਵਿੰਦਰ ਕੌਰ ਨੇ ਇੱਕ ਕਵਿਤਾ ਅਤੇ ਮਿੰਨੀ ਕਹਾਣੀ “ਕਿਹੜਾ ਨਾਲ ਲੈ ਜਾਣਾ” ਸਾਂਝੀ ਕੀਤੀ। ਇਸ ਵਿੱਚ ਮਾਪਿਆਂ ਦੇ ਆਪਣੇ ਬੱਚਿਆਂ ਪ੍ਰਤੀ ਮੋਹ ਅਤੇ ਜੀਵਨ ਦੇ ਅੰਤਿਮ ਪੜਾਅ ਦੀ ਕਸ਼ਮਕਸ਼ ਨੂੰ ਬਹੁਤ ਹੀ ਸੰਖੇਪ ਅਤੇ ਪ੍ਰਭਾਵਸ਼ਾਲੀ ਸ਼ਬਦਾਂ ਵਿੱਚ ਪੇਸ਼ ਕੀਤਾ ਗਿਆ।

ਇਨ੍ਹਾਂ ਰਚਨਾਵਾਂ ‘ਤੇ ਹੋਈ ਭਰਪੂਰ ਵਿਚਾਰ-ਚਰਚਾ ਵਿੱਚ ਬਲਬੀਰ ਸੰਘਾ, ਅਜਮੇਰ ਰੋਡੇ, ਮਹਿੰਦਰਪਾਲ ਪਾਲ, ਬਿੰਦੂ ਮਠਾੜੂ, ਕੁਲਦੀਪ ਸਿੰਘ, ਸੁਖਵੰਤ ਹੁੰਦਲ, ਸਾਧੂ ਬਿਨਿੰਗ, ਸ਼ਾਨ ਗਿੱਲ, ਸੁਰਜੀਤ ਕਲਸੀ, ਇੰਦਰਜੀਤ ਧਾਮੀ, ਜਸਬੀਰ ਮਾਨ, ਸੁਖਦੇਵ ਧੂਰੀ ਅਤੇ ਸੁਖਚਰਨ ਸਿੰਘ ਸਿੱਧੂ ਨੇ ਹਿੱਸਾ ਲਿਆ। ਬੁਲਾਰਿਆਂ ਨੇ ਕਹਾਣੀਆਂ ਦੀ ਬਣਤਰ, ਵਿਸ਼ੇ ਅਤੇ ਪੇਸ਼ਕਾਰੀ ਦੀ ਸ਼ਲਾਘਾ ਕਰਦਿਆਂ ਇਨ੍ਹਾਂ ਨੂੰ ਯਥਾਰਥ ਦੇ ਬਹੁਤ ਨੇੜੇ ਦੱਸਿਆ।

ਮੀਟਿੰਗ ਦੇ ਦੂਜੇ ਪੜਾਅ ਵਿਚ ਸ਼ਾਨ ਗਿੱਲ ਨੇ ਆਪਣੇ ਗੀਤ “ਲੜਦੇ ਨੇ ਜਿਹੜੇ ਮਰਦੇ ਨੇ ਜਿਹੜੇ…” ਰਾਹੀਂ ਮਾਹੌਲ ਵਿੱਚ ਜੋਸ਼ ਭਰਿਆ। ਸੁਖਦੇਵ ਸਿੰਘ ਧੂਰੀ ਨੇ ਪੰਜਾਬ ਚੋਣਾਂ ਅਤੇ ਕੁਲਵੰਤ ਸਿੰਘ ਸਰੋਤਾ ਨੇ ਭਾਰਤ-ਅਮਰੀਕਾ ਸੰਧੀ ਬਾਰੇ ਕਵਿਤਾਵਾਂ ਪੜ੍ਹੀਆਂ। ਗੀਤਕਾਰ ਪ੍ਰੇਮਦੀਪ ਦੀਪ ਅਤੇ ਨਾਟਕਕਾਰ ਬੀਰ ਬਟਾਲਵੀ ਨੇ ਆਪਣੇ ਕਲਾਤਮਕ ਤਜਰਬੇ ਸਾਂਝੇ ਕੀਤੇ। ਇਸ ਮੌਕੇ ਗੁਰਦਰਸ਼ਨ ਬਾਦਲ, ਸੁਖਪ੍ਰੀਤ ਬੱਡੋਂ ਅਤੇ ਰਣਜੀਤ ਸਿੰਘ ਨੇ ਵੀ ਵਿਸ਼ੇਸ਼ ਸ਼ਿਰਕਤ ਕੀਤੀ। ਸਮਾਗਮ ਦਾ ਖ਼ਾਸ ਖਿੱਚ ਦਾ ਕੇਂਦਰ ਚਿੱਤਰਕਾਰ ਕੀਕੂ ਪਰਵਿੰਦਰ ਵੱਲੋਂ ਤਿਆਰ ਕੀਤਾ ਗਿਆ ਲੇਖਕ ਅਜਮੇਰ ਰੋਡੇ ਦਾ ਵਾਟਰ-ਕਲਰ ਪੋਰਟਰੇਟ ਸੀ, ਜੋ ਉਨ੍ਹਾਂ ਨੇ ਮੰਚ ਨੂੰ ਭੇਂਟ ਕੀਤਾ। ਅੰਤ ਵਿੱਚ ਅਮਰੀਕ ਪਲਾਹੀ ਅਤੇ ਸੁਰਜੀਤ ਕਲਸੀ ਨੇ ਸਾਰੇ ਹਾਜ਼ਰੀਨ ਦਾ ਧੰਨਵਾਦ ਕਰਦਿਆਂ ਮੀਟਿੰਗ ਦੀ ਸਮਾਪਤੀ ਕੀਤੀ।

## ਐਚ.ਕੇ.ਐਸ. ਸਕੂਲ ’ਚ ਹੋਏ ਦਾਖਲੇ ਸ਼ੁਰੂ : ਚੇਅਰਮੈਨ ਜਸਕਰਨ ਸਿੰਘ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ




ਕੋਟਕਪੂਰਾ, 17 ਫਰਵਰੀ : ਐਚ.ਕੇ.ਐਸ. ਸਕੂਲ ਦੇ ਚੇਅਰਮੈਨ ਜਸਕਰਨ ਸਿੰਘ, ਵਾਈਸ ਚੇਅਰਮੈਨ ਅਮਨਦੀਪ ਸਿੰਘ, ਪ੍ਰਿੰਸੀਪਲ ਮੈਡਮ ਅਮਨਦੀਪ ਕੌਰ ਅਤੇ ਡਾਇਰੈਕਟਰ ਇਨਸਾਫ਼ ਸਿੰਘ ਨੇ ਖੁਸ਼ੀ ਦਾ ਇਜ਼ਹਾਰ ਪ੍ਰਗਟ ਕਰਦਿਆਂ ਕਿਹਾ ਕਿ ਸਾਡੇ ਸਕੂਲ ਵਿੱਚ ਪ੍ਰੀ-ਨਰਸਰੀ ਤੋਂ 12ਵੀਂ ਜਮਾਤ ਤੱਕ ਦੇ ਬੱਚਿਆਂ ਦੇ ਦਾਖਲੇ ਸ਼ੁਰੂ ਕੀਤੇ ਗਏ ਹਨ। ਚੇਅਰਮੈਨ ਜਸਕਰਨ ਸਿੰਘ ਨੇ ਦੱਸਿਆ ਕਿ ਸਾਡੇ ਸਕੂਲ ਵਿੱਚ ਬੱਚਿਆਂ ਦੇ ਸਰਵਪੱਖੀ ਵਿਕਾਸ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਂਦਾ ਹੈ, ਜਿੱਥੇ ਬੱਚੇ ਖੇਡਾਂ ਵੱਲ ਪ੍ਰੇਰਿਤ ਕੀਤੇ ਜਾਂਦੇ ਹਨ, ਉੱਥੇ ਬੱਚਿਆਂ ਦੀ ਪੜ੍ਹਾਈ ਲਈ ਤਜਰਬੇਕਾਰ ਸਟਾਫ ਵੀ ਹੈ। ਸਾਡੇ ਸਕੂਲ ਵਿੱਚ ਹਰ ਪ੍ਰਕਾਰ ਦੀ ਲੈਬ ਜਿਵੇਂ ਸਾਇੰਸ ਲੈਬ, ਕੰਪਿਊਟਰ ਲੈਬ, ਲਾਈਬ੍ਰੇਰੀ ਆਦਿ ਹਨ। ਕਬੱਡੀ, ਕਿੱਕ ਬਾਕਸਿੰਗ, ਖੋ-ਖੋ, ਰੱਸਾਕਸ਼ੀ ਮੁਕਾਬਲੇ ਵਿੱਚ ਸਟੇਟ ਲੈਵਲ ਤੱਕ ਖੇਡ ਚੁੱਕੇ ਹਨ। ਸਕੂਲ ਵਿੱਚ ਵਧੀਆ ਗਰਾਊਂਡ, ਵਧੀਆ ਵਾਤਾਵਰਣ ਹੈ, ਛੋਟੇ ਬੱਚਿਆਂ ਲਈ ਝੂਲੇ, ਇੱਥੇ ਹਰ ਬੱਚਾ ਖੁਸ਼ੀ-ਖੁਸ਼ੀ ਆਉਂਦਾ ਹੈ। ਸਾਡੇ ਸਕੂਲ ਦੇ ਵਿਦਿਆਰਥੀਆਂ ਦਾ ਹਰ ਸਾਲ ਬੋਰਡ ਦਾ ਨਤੀਜਾ ਬਹੁਤ ਸ਼ਾਨਦਾਰ ਆਉਂਦਾ ਹੈ। ਉਹਨਾ ਅਪੀਲ ਕੀਤੀ ਕਿ ਸਾਡੇ ਸਕੂਲ ਵਿੱਚ ਵੱਧ ਤੋਂ ਵੱਧ ਦਾਖਲੇ ਕਰਵਾ ਕੇ ਇਸ ਮੌਕੇ ਦਾ ਫਾਇਦਾ ਉਠਾਇਆ ਜਾਵੇ।

## ਲਾਇਨਜ਼ ਕਲੱਬ ਰਾਇਲ ਦੀ ਪਰਿਵਾਰਕ ਮੀਟਿੰਗ ਦੌਰਾਨ ਕੀਤਾ ਗਿਆ ਵਿਚਾਰ ਵਟਾਂਦਰਾ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ



ਕੋਟਕਪੂਰਾ, 17 ਫਰਵਰੀ : ਲਾਇਨਜ ਕਲੱਬ ਕੋਟਕਪੂਰਾ ਰਾਇਲ ਦੀ ਪਰਿਵਾਰਕ ਮੀਟਿੰਗ ਪ੍ਰਧਾਨ ਮਨਜੀਤ ਸਿੰਘ ਔਲਖ ਦੀ ਅਗਵਾਈ ਹੇਠ ਹੋਈ। ਜਿਸ ਵਿੱਚ ਸ਼੍ਰੀ ਅਜੇ ਗੋਇਲ ਵੀਡੀਜੀ-1 ਅਤੇ ਸ਼੍ਰੀ ਯੋਗੇਸ਼ ਸੋਨੀ ਪੀਡੀਜੀ ਦੀ ਜਾਣ-ਪਛਾਣ ਕਰਵਾਈ ਗਈ। ਮੰਚ ਸੰਚਾਲਨ ਕਰਦਿਆਂ ਇੰਜੀ. ਭੁਪਿੰਦਰ ਸਿੰਘ ਕਮਬੋ ਵੱਲੋਂ ਪ੍ਰਧਾਨ ਤੋਂ ਆਗਿਆ ਲੈ ਕੇ ਪ੍ਰਾਥਨਾ ਮਿਸ ਪ੍ਰਤਿਸ਼ ਛਾਬੜਾ ਨੇ ਪੜੀ। ਪ੍ਰਧਾਨ ਮਨਜੀਤ ਸਿੰਘ ਔਲਖ ਨੇ ਸਮੂਹ ਅਹੁਦੇਦਾਰਾਂ ਤੇ ਮੈਂਬਰਾਂ ਨੂੰ ਜੀ ਆਇਆਂ ਆਖਦਿਆਂ ਉਹਨਾ ਦਾ ਧੰਨਵਾਦ ਕੀਤਾ।




ਸਕੱਤਰ ਨਛੱਤਰ ਸਿੰਘ ਨੇ ਕਲੱਬ ਦੇ ਕੀਤੇ ਗਏ ਕੰਮਾਂ ਦੀ ਰਿਪੋਰਟ ਪੜ ਕੇ ਸੁਣਾਈ, ਜਦਕਿ ਸੁਰਜੀਤ ਸਿੰਘ ਘੁਲਿਆਣੀ ਵਲੋਂ ਗਵਰਨਰ ਸਾਹਿਬ ਨੂੰ ਬੇਨਤੀ ਕੀਤੀ ਗਈ ਕਿ ਅਗਲੇ ਸਾਲ ਡਾਇਰੈਕਟਰੀ ਜਰੂਰ ਛਪਣੀ ਚਾਹੀਦੀ ਹੈ ਅਤੇ ਸਕਰੈਪ ਬੁੱਕ ਸਬੰਧੀ ਆਖਿਆ ਕਿ ਜੋ ਪ੍ਰੋਜੈਕਟ ਲਾਏ ਜਾਂਦੇ ਹਨ, ਉਹਨਾ ਦਾ ਇੰਦਰਾਜ ਦਰਜ ਕਰਕੇ ਪ੍ਰੋਜੈਕਟ ਨੂੰ ਸਹੀ ਮੰਨ ਲਿਆ ਜਾਵੇ। ਕਲੱਬ ਦੀ ਆਮਦਨ ਅਤੇ ਖਰਚੇ ਦੇ ਵਾਊਚਰ ਤੇ ਖਾਤੇ ਵੀ ਚੈੱਕ ਕਰਵਾਏ। ਅਜੇ ਗੋਇਲ ਪੀਡੀਜੀ-1, ਯੋਗੇਸ਼ ਸੋਨੀ ਪੀਡੀਜੀ ਤੋਂ ਸਾਰੇ ਰਿਕਾਰਡ ਵਿਜਟ ਕਰਵਾਈ। ਯੋਗੇਸ਼ ਸੋਨੀ ਅਤੇ ਅਜੇ ਗੋਇਲ ਨੇ ਲਾਇਨਇਜਮ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ। ਕਲੱਬ ਨੂੰ ਅਗਲੇ ਸਾਲ ਵੱਧ ਚੜ੍ਹ ਕੇ ਕੰਮ ਕਰਨ ਲਈ ਵੀ ਕਿਹਾ ਗਿਆ। ਗਵਰਨਰ ਵਲੋਂ ਪ੍ਰਧਾਨ ਮਨਜੀਤ ਸਿੰਘ ਔਲਖ, ਸਕੱਤਰ ਨਛੱਤਰ ਸਿੰਘ, ਕੈਸ਼ੀਅਰ ਅਮਰਦੀਪ ਸਿੰਘ ਮੱਕੜ, ਸੁਰਜੀਤ ਸਿੰਘ ਘੁਲਿਆਣੀ ਤੇ ਪੀਆਰਓ ਨੰਬਰਦਾਰ ਸੁਖਵਿੰਦਰ ਸਿੰਘ ਪੱਪੂ, ਸੁਨੀਲ ਛਾਬੜਾ ਨੂੰ ਇੰਟਰਨੈਸ਼ਨਲ ਪਿੰਨ ਲਾ ਕੇ ਸਨਮਾਨਤ ਕੀਤਾ।